# ਪਰੋਪਏਰਟੇ ਟੈਕਸ ਲਈ ਪੇਸ਼ਗੀ-ਅਦਾਇਗੀ ਪਲੈਨ

ABBOTSFORD

ਅਗਲੇ ਸਾਲ ਦਾ ਪ੍ਰਾਪਰਟੀ ਟੈਕਸ ਅਦਾ ਕਰਨ ਲਈ ਲਾਹੇਵੰਦ ਅਰੰਭ!

- ਦਸ ਸੌਖੀਆਂ ਮਾਸਕ ਪੇਸ਼ਗੀ ਅਦਾਇਗੀਆਂ
- ਪੇਸ਼ਗੀ ਅਦਾਇਗੀਆਂ ਦੀ ਬੱਚਤ ਤੇ ਵਿਆਜ ਕਮਾਓ
- ਪਲੈਨ ਵਿਚ ਸ਼ਾਮਲ ਹੋਣ ਦੀ ਕੋਈ ਫੀਸ ਨਹੀਂ
- ਸ਼ਾਮਲ ਹੋਣ ਲਈ ਹਰ ਸਾਲ ਅਰਜ਼ੀ ਦੇਣ ਦੀ ਲੋੜ ਨਹੀਂ
- ਲਾਈਨ ਵਿਚ ਖੜ੍ਹਨ ਦੀ ਲੋੜ ਨਹੀਂ

**ਇਹ ਪਲੈਨ ਅਗਲੇ ਸਾਲ ਦਾ ਪ੍ਰਾਪਰਟੀ ਟੈਕਸ ਪੇਸ਼ਗੀ ਅਦਾ ਕਰਨ ਲਈ ਹੈ।** ਪ੍ਰਾਪਰਟੀ ਟੈਕਸ ਪੇਸ਼ਗੀ-ਅਦਾ ਕਰਨ ਲਈ ਇਹ ਪਲੈਨ ਐਬਟਸਫੋਰਡ ਸਿਟੀ ਨੂੰ ਅਧਿਕਾਰ ਦਿੰਦੀ ਹੈ ਕਿ ਉਹ ਕਿਸੇ ਵੀ ਕੈਨੇਡੀਅਨ ਆਰਥਿਕ ਸੰਸਥਾਂ ਵਿਚਲੇ ਤੁਹਾਡੇ ਬੈਂਕ ਖਾਤੇ ਵਿਚੋਂ ਇਕੋ ਜਿਹੀ ਰਕਮ ਦੀਆਂ 10 ਕਿਸ਼ਤਾਂ ਤੱਕ ਕੱਢ ਸਕਦੀ ਹੈ ਜਿਸ ਨਾਲ ਉਹ ਤੁਹਾਡੇ ਅਗਲੇ ਸਾਲ ਦਾ ਟੈਕਸ ਬਿੱਲ ਅਦਾ ਕਰ ਸਕੇ।

## ਪਲੈਨ ਬਾਰੇ ਜਾਣਕਾਰੀ

### ਅਰਜ਼ੀ ਦੇਣੀ
ਹੇਠ ਦਿਤਾ ਫਾਰਮ ਭਰ ਕੇ ਅਤੇ ਨਾਲ ਇਕ ਖਾਲੀ ਚੈਂਕ ਤੇ "ਵੋਇਡ" ਲਿਖ ਕੇ, ਜਾਂ ਤੁਹਾਡੀ ਬੈਂਕ ਵੱਲੋਂ ਮਿਲਿਆ ਡਾਇਰੈਕਟ ਵਿਦਡਰਾਅਲ ਰਿਕੁਵਿਸਟ (ਡੀ.ਡਬਲਯੂ.ਆਰ.) ਫਾਰਮ ਭਰਕੇ ਦੇਵੋ। ਜਿੰਨਾ ਚਿਰ ਤੁਸੀਂ ਪਲੈਨ ਦੇ ਯੋਗ ਰਹਿੰਦੇ ਹੋ ਹਰ ਸਾਲ ਅਰਜ਼ੀ ਦੇਣ ਦੀ ਲੋੜ ਨਹੀਂ।

### ਯੋਗਤਾ
ਪਲੈਨ ਵਿਚ ਹਿੱਸਾ ਲੈਣ ਲਈ, ਪ੍ਰਾਪਰਟੀ ਟੈਕਸ ਦੇ ਸਾਰੇ ਅਕਾਉਂਟ (ਹਿਸਾਬ) ਪੂਰੀ ਤਰ੍ਹਾਂ ਅਦਾ ਕੀਤੇ ਜਾਣੇ ਚਾਹੀਦੇ ਹਨ ਅਤੇ ਟੈਕਸ ਦਾ ਕੋਈ ਬਕਾਇਆ ਜਾਂ ਬਿਨਾ ਕਲੇਮ ਕੀਤੀ ਹੋਮ ਓਨਰ ਗ੍ਰਾਂਟ ਜੇ ਲਾਗੂ ਹੋਵੇ, ਦਾ ਬਕਾਇਆ ਨਹੀਂ ਰਹਿਣਾ ਚਾਹੀਦਾ।

### ਅਦਾਇਗੀ ਦੀ ਰਕਮ
ਹਰ ਸਾਲ ਕਿੰਨੀ ਰਕਮ ਅਦਾ ਕੀਤੀ ਜਾਣੀ ਹੈ ਇਸਦਾ ਫੈਸਲਾ ਤੁਸੀਂ ਕਰਨਾ ਹੈ।ਆਪਣਾ ਟੈਕਸ ਨੋਟਸ ਦੇਖੋ ਜਿਸਤੇ ਪੇਸ਼ਗੀ ਕਿਸ਼ਤ ਕਢਾਉਣ ਲਈ ਸੁਝਾ ਦਿਤਾ ਹੋਵੇਗਾ ਜਿਹੜੀ ਅਗਲੇ ਸਾਲ ਦੇ ਕੁਲ ਟੈਕਸ ਦੀ ਅੰਦਾਜ਼ਨ ਰਕਮ ਨੂੰ 10 ਤੇ ਤਕਸੀਮ ਕਰਕੇ ਮਿਥੀ ਜਾਂਦੀ ਹੈ।

### ਅਦਾਇਗੀ-ਰਕਮ ਕੱਢਣ ਦੀਆਂ ਤਾਰੀਖ਼ਾਂ
ਇਹ ਅਰਜ਼ੀ ਅਗਲੀ ਕਿਸ਼ਤ ਕੱਢਣ ਦੀ ਤਾਰੀਖ, ਜੋ 15 ਅਗਸਤ ਅਤੇ 15 ਮਈ ਦੇ ਵਿਚਕਾਰ ਆਵੇਗੀ, ਤੇ ਲਾਗੂ ਕੀਤੀ ਜਾਵੇਗੀ। ਜੇ ਤੁਸੀਂ ਲੇਟ ਅਰਜ਼ੀ ਦਿੰਦੇ ਹੋ ਤਾਂ ਟੈਕਸ ਦੇਣ ਦੀ ਤਾਰੀਖ ਤੱਕ ਮਾਸਕ ਅਦਾਇਗੀ ਦੀ ਰਕਮ ਵਧਾ ਸਕਦੇ ਹੋ ਜਾਂ ਬਕਾਇਆ ਅਦਾ ਕਰ ਸਕਦੇ ਹੋ।

### ਨਾ-ਮਨਜ਼ੂਰ ਪੇਮੈਂਟਾਂ
ਤੁਹਾਡੇ ਟੈਕਸ ਅਕਾਉਂਟ ਉਤੇ ਇਕ ਸਰਵਿਸ ਚਾਰਜ ਲਾ ਦਿਤਾ ਜਾਵੇਗਾ। ਜੇ ਕਿਸ਼ਤਾਂ ਨਿਕਲਣੀਆਂ ਦੋ ਵਾਰ ਨਾ-ਮਨਜ਼ੂਰ ਹੋ ਜਾਣ, ਭਾਵੇਂ ਉਹ ਨਾਲੋ-ਨਾਲ ਨਾਂ ਵੀ ਹੋਣ, ਤਾਂ ਤੁਹਾਨੂੰ ਪਲੈਨ 'ਚੋਂ ਖਾਰਜ ਕਰ ਦਿਤਾ ਜਾਵੇਗਾ।

### ਸਲਾਨਾ ਟੈਕਸ ਨੋਟਸ
ਤੁਹਾਨੂੰ ਟੈਕਸ ਅਦਾ ਕਰਨ ਦੀ ਤਾਰੀਖ਼ ਤੋਂ ਪਹਿਲਾਂ ਪਹਿਲਾਂ ਤੁਹਾਡੇ ਟੈਕਸ ਨੋਟਸ ਤੇ ਦਿਖਾਇਆ ਬਕਾਇਆ ਅਦਾ ਕਰਨਾ ਪਵੇਗਾ। ਜੇ ਟੈਕਸ ਨੋਟਸ ਤੇ ਕੋਈ ਵਾਧਾ ਦਿਖਾਇਆ ਗਿਆ ਹੈ ਤਾਂ ਉਸ ਨੂੰ ਅਗਲੇ ਸਾਲ ਦੀ ਪੇਸ਼ਗੀ-ਅਦਾਇਗੀ ਵਿਚ ਗਿਣ ਲਿਆ ਜਾਵੇਗਾ।

### ਹੋਮ ਓਨਰ ਗ੍ਰਾਂਟ
ਜੇ ਤੁਹਾਡੇ ਤੇ ਲਾਗੂ ਹੋਵੇ, ਤਾਂ ਹਰ ਸਾਲ ਟੈਕਸ ਅਦਾਇਗੀ ਦੀ ਤਾਰੀਖ਼ ਤੱਕ ਹੋਮ ਓਨਰ ਗ੍ਰਾਂਟ ਲਈ ਅਰਜ਼ੀ ਭਰਨੀ ਨਾ ਭੁਲੋ।

### ਤਬਦੀਲੀਆਂ ਅਤੇ ਖਾਰਜ ਹੋਣਾ
ਪਲੈਨ ਖਾਰਜ ਕਰਨ ਲਈ ਜਾਂ ਬੈਂਕ ਅਕਾਉਂਟ ਦੀ ਜਾਣਕਾਰੀ ਤਬਦੀਲ ਕਰਨ ਲਈ ਮਹੀਨੇ ਦੀ 15 ਤਾਰੀਖ਼ ਤੋਂ ਪਹਿਲਾਂ ਸਿਟੀ ਨੂੰ ਘਟੋ ਘੱਟ ਇਕ ਹਫਤੇ ਦਾ ਲਿਖਤੀ ਜਾਂ ਈਮੇਲ ਰਾਹੀਂ ਨੋਟਸ ਦੇਵੋ।

### ਵੇਚਣਾ
ਪ੍ਰਾਪਰਟੀ ਟੈਕਸ ਸਰਟੀਫੀਕੇਟ ਉਤੇ ਤੁਹਾਡੀ ਪਲੈਨ ਨੂੰ ਖਾਰਜ ਕਰਨ ਲਈ ਤੁਹਾਡਾ ਵਕੀਲ ਜਾਂ ਨੋਟਰੀ ਤੁਹਾਡੇ ਵੱਲੋਂ ਦਸਤਖਤ ਕੀਤੀ ਹੋਈ ਬੇਨਤੀ ਨੂੰ ਸਬਮਿਟ ਕਰ ਸਕਦਾ ਹੈ। ਜੇ ਖਾਰਜ ਕਰਨ ਲਈ ਇਕ ਹਫਤੇ ਦਾ ਨੋਟਸ ਨਹੀਂ ਦਿੱਤਾ ਜਾ ਸਕਦਾ ਤਾਂ ਉਹ ਆਖਰੀ ਕਿਸ਼ਤ ਨੂੰ ਸਟੇਟਮੈਂਟ ਔਫ ਐਡਜਸਟਮੈਂਟ ਵਿਚ ਗਿਣ ਸਕਦੇ ਹਨ।

**ਅਰਜ਼ੀ ਨਾਲ ਇਕ "ਵੋਇਡ" ਚੈਕ ਲਾ ਕੇ ਜਾਂ ਡੀ.ਡਬਲਯੂ. ਆਰ. ਫਾਰਮ ਨੂੰ, ਇਸ ਪਤੇ ਤੇ ਸਬਮਿਟ ਕਰੋ:**

City of Abbotsford Property Tax and Utility Division
32315 South Fraser Way, Abbotsford, BC V2T 1W7
**ਜਾਂ ਸਕੈਨ ਕਰਕੇ ਈਮੇਲ ਕਰੋ:** cash@abbotsford.ca

ਫਾਰਮ ਦਾ ਇਹ ਹਿੱਸਾ ਆਪਣੇ ਰਿਕਾਰਡਾਂ ਅਤੇ ਜਾਣਕਾਰੀ ਲਈ ਰੱਖ ਲਵੋ।

---

## ਅਰਜ਼ੀ ਲਈ ਫਾਰਮ: ਐਬਟਸਫ਼ੋਰਡ ਸਿਟੀ ਦੀ ਪੇਸ਼ਗੀ-ਅਦਾਇਗੀ ਪਲੈਨ

ਮੈਂ/ਅਸੀਂ, ਦਸਤਖ਼ਤ ਕਰਨ ਵਾਲੇ ਟੈਕਸ ਦੀ ਪੇਸ਼ਗੀ-ਅਦਾਇਗੀ ਵਾਲੀ ਪਲੈਨ ਨੂੰ ਪੜ੍ਹ ਕੇ ਇਸ ਦੀਆਂ ਸ਼ਰਤਾਂ ਅਤੇ ਪ੍ਰਤਿਬੰਧਾਂ ਨਾਲ ਸਹਿਮਤ ਹਾਂ, ਅਤੇ ਐਬਟਸਫ਼ੋਰਡ ਸਿਟੀ ਨੂੰ ਅਧਿਕਾਰ ਦਿੰਦੇ ਹਾਂ ਕਿ ਉਹ ਨੱਥੀ ਕੀਤੇ ਅਕਾਉਂਟ ਵਿਚੋਂ ਕਨੇਡੀਅਨ ਪੇਮੈਂਟ ਐਸੋਸੀਏਸ਼ਨ ਦੇ ਅਸੂਲਾਂ ਅਨੁਸਾਰ ਪੇਸ਼ਗੀ ਕਿਸ਼ਤਾਂ ਕੱਢ ਸਕਦੇ ਹਨ। ਮੈਂ ਸਮਝਦਾ ਹਾਂ ਕਿ ਇਹ ਪਲੈਨ ਅਗਲੇ ਸਾਲ ਦੇ ਪ੍ਰਾਪਰਟੀ ਟੈਕਸ ਦੀ ਪੇਸ਼ਗੀ ਅਦਾਇਗੀ ਵਾਸਤੇ ਹੈ।

☐ ਨਵੀਂ ਅਰਜ਼ੀ ☐ ਬੈਂਕ ਦੀ ਜਾਣਕਾਰੀ ਵਿਚ ਤਬਦੀਲੀ

ਨਾਮ ____________________
ਪਹਿਲਾ/ਪਿਛਲਾ

ਪ੍ਰਾਪਰਟੀ ਦਾ ਪਤਾ ____________________

ਫ਼ੋਨ ( ) ____________ ਈਮੇਲ ____________

* ਜੇ ਤੁਸੀਂ ਫਾਰਮ ਇਲੈਕਟਰੌਨੀਕਲੀ ਸਬਮਿਟ ਕਰਦੇ ਹੋ ਤਾਂ ਖਾਲੀ ਚੈੱਕ ਦੀ ਸਕੈਨ ਕੀਤੀ ਕਾਪੀ ਜਾਂ ਆਪਣੀ ਬੈਂਕ ਤੋ ਲਿਆ ਡੀ.ਡਬਲਯੂ.ਆਰ. ਫਾਰਮ ਨਾਲ ਲਾਉਣਾ ਨਾ ਭੁਲੋ।

ਅਰੰਭ ਜਾਂ ਤਬਦੀਲ 15 ਤਾਰੀਖ ਨੂੰ ਕਰੋ ____________
ਮਹੀਨਾ ਸਾਲ

ਫੋਲੀਓ ਨੰਬਰ: ____________ ਕਿਸ਼ਤ ਦੀ ਮਾਹਵਾਰ ਰਕਮ ____________

ਕੀ ਤੁਸੀਂ ਹੋਮ ਓਨਰ ਗ੍ਰਾਂਟ ਕਲੇਮ ਕਰੋਗੇ? ☐ ਹਾਂ ☐ ਨਾਂ

ਤੁਸੀਂ ਆਖਰੀ ਤਾਰੀਖ ਤੱਕ ਕਿਹੜੀ ਗ੍ਰਾਂਟ ਕਲੇਮ ਕਰੋਗ ☐ ਬੇਸਿਕ

ਕੈਟੇਗਰੀ ____________ ☐ ਹੋਰ ਵਾਧੂ ਗ੍ਰਾਂਟ ਘਰਓਨਟ

ਉਮਰ ਕਰਕੇ ਵਾਧੂ ਗ੍ਰਾਂਟ। ਜਨਮ ਤਾਰੀਖ:____________

ਜੇ ਕਿਸ਼ਤ ਕਢਣ ਲਈ ਇਕ ਤੋਂ ਵੱਧ ਦਸਤਖ਼ਤ ਚਾਹੀਦੇ ਹੋਣ ਤਾਂ, ਹਰਇਕ ਨੂੰ ਇਸ ਅਰਜ਼ੀ ਤੇ ਦਸਤਖਤ ਕਰਨੇ ਪੈਣਗੇ, ਇਲੈਕਟ੍ਰੌਨਿਕ ਦਸਤਖਤ ਮਨਜ਼ੂਰ ਨਹੀਂ ਕੀਤੇ ਜਾਣਗੇ।

**ਪੇਸ਼ਗੀ ਕਿਸ਼ਤ ਕਢਾਉਣ ਲਈ ਮਨਜ਼ੂਰੀ: (ਪ੍ਰਿੰਟ ਅਤੇ ਦਸਤਖਤ ਕਰੋ)** ____________ / ____________
ਜੇ ਇਲੈਕਟ੍ਰੌਨੀਕਲੀ ਮਨਜ਼ੂਰ ਹੋ ਜਾਏ, ਤਾਂ ਲੋੜ ਨਹੀਂ

**ਪੇਸ਼ਗੀ ਕਿਸ਼ਤ ਕਢਾਉਣ ਲਈ ਮਨਜ਼ੂਰੀ: (ਪ੍ਰਿੰਟ ਅਤੇ ਦਸਤਖਤ ਕਰੋ)** ____________ / ____________
ਜੇ ਇਲੈਕਟ੍ਰੌਨੀਕਲੀ ਮਨਜ਼ੂਰ ਹੋ ਜਾਏ, ਤਾਂ ਲੋੜ ਨਹੀਂ

☐ ਮੈ ਸਹਿਮਤ ਹਾਂ

ਮੈਂ ਸਹਿਮਤ ਹਾਂ ਕਿ ਉਤਲੇ ਨਾਮ ਵਾਲੇ ਖਾਨੇ ਭਰਕੇ ਅਤੇ "ਮੈਂ ਸਹਿਮਤ ਹਾਂ" ਵਾਲਾ ਖਾਨਾ ਟਿੱਕ ਕਰਕੇ ਮੈਂ ਅਸਲ ਵਿਚ ਅਰਜ਼ੀ ਤੇ ਦਸਤਖਤ ਕਰ ਰਿਹਾ ਹਾਂ।

# ਸ਼ਰਤਾਂ ਅਤੇ ਪ੍ਰਤਿਬੰਧ: **ਐਬਟਸਫੋਰਡ ਸਿਟੀ ਦੀ ਪੇਸ਼ਗੀ-ਅਦਾਇਗੀ ਪਲੈਨ**

1. ਪਲੈਨ ਵਿਚ ਭਾਗ ਲੈਣ ਲਈ ਟੈਕਸ ਦੇ ਸਾਰੇ ਅਕਾਉਂਟ ਪੂਰੀ ਤਰ੍ਹਾਂ ਅਦਾ ਕੀਤੇ ਹੋਣੇ ਚਾਹੀਦੇ ਹਨ, ਕੋਈ ਵੀ ਟੈਕਸ ਅਦਾ ਕਰਨ ਵਾਲਾ ਨਾ ਰਹਿੰਦਾ ਹੋਵੇ ਨਾਂ ਹੀ ਬਿਨਾ ਕਲੇਮ ਕੀਤੀ ਹੋਮ ਓਨਰ ਗ੍ਰਾਂਟ, ਜੇ ਤੁਸੀਂ ਹੱਕਦਾਰ ਹੋਵੋ। **ਇਸ ਪਲੈਨ ਰਾਹੀਂ ਤੁਸੀਂ ਅਗਲੇ ਸਾਲ ਦੇ ਪ੍ਰਾਪਰਟੀ ਟੈਕਸਾਂ ਦੀ ਪੇਸ਼ਗੀ-ਅਦਾਇਗੀ ਕਰ ਸਕਦੇ ਹੋ।**

2. ਜੇ ਹੱਕਦਾਰ ਹੋਵੋ ਤਾਂ ਹੋਮ ਓਨਰ ਗ੍ਰਾਂਟ ਹਰ ਸਾਲ ਜੁਰਮਾਨੇ ਤੋਂ ਬਚਣ ਲਈ ਟੈਕਸ ਦੇਣ ਦੀ ਤਾਰੀਖ ਤੋਂ ਪਹਿਲਾਂ ਲੈ ਲੈਣੀ ਚਾਹੀਦੀ ਹੈ।

3. ਪੇਸ਼ਗੀ ਅਦਾਇਗੀ ਰਾਹੀਂ ਬੈਂਕ ਚੋਂ ਕਢੀਆਂ ਕਿਸ਼ਤਾਂ ਨਾਲ ਜਾਂ ਵਾਧੂ ਪੇਮੈਂਟ ਹੋ ਜਾਵੇਗੀ ਜਾਂ ਤੁਹਾਡੇ ਵੱਲ ਪੈਸੇ ਨਿਕਲਦੇ ਹੋਣਗੇ ਜੋ ਪ੍ਰਾਪਰਟੀ ਟੈਕਸ ਨੋਟਸ ਤੇ ਸਪਸ਼ਟ ਦਿਖਾਏ ਹੋਣਗੇ।ਇਹ ਮਾਲਕ ਦੀ ਜ਼ੁੰਮੇਵਾਰੀ ਹੈ ਕਿ ਉਹ ਲੇਟ ਪੇਮੈਂਟ ਦੇ ਜੁਰਮਾਨੇ ਤੋਂ ਬਚਣ ਲਈ ਰਹਿੰਦੀ ਰਕਮ ਆਖਰੀ ਤਾਰੀਖ ਤੱਕ ਦੇ ਦੇਵੇ। ਜੇ ਵਾਧੂ ਪੇਮੈਂਟ ਹੋ ਗਈ ਹੋਵੇ ਤਾਂ ਪੈਸੇ ਅਗਲੇ ਸਾਲ ਦੀ ਪੇਸ਼ਗੀ-ਅਦਾਇਗੀ ਵਾਲੀ ਪਲੈਨ ਵਿਚ ਪਾ ਦਿਤੇ ਜਾਣਗੇ।

4. ਅਰਜ਼ੀ ਫਾਰਮ ਭਰ ਕੇ ਤੇ ਇਸ ਨਾਲ ਬੈਂਕ ਦਾ "ਵੋਇਡ" ਚੈੱਕ ਨੱਥੀ ਕਰਕੇ ਜਾਂ ਡਾਇਰੈਕਟ ਵਿਦਡਰਾਅਲ ਰਿਕੁਐਸਟ ਫਾਰਮ ਤੁਹਾਡੀ ਕੈਨੇਡੀਅਨ ਆਰਥਕ ਸੰਸਥਾਂ ਤੋਂ ਪੁਰ ਕਰਵਾ ਕੇ ਐਬਟਸਫੋਰਡ ਸਿਟੀ ਦੀ ਪ੍ਰਾਪਰਟੀ ਟੈਕਸ ਡਿਵਿਜਨ ਨੂੰ ਦੇਣੇ ਲਾਜ਼ਮੀ ਹਨ।

5. ਟੈਕਸਦਾਤੇ ਲਈ ਲਾਜ਼ਮੀ ਹੈ ਕਿ ਉਹ ਇਸ ਇਕਰਾਰਨਾਮੇ ਅਨੁਸਾਰ ਲੋੜੀਂਦੀ ਕਿਸੇ ਵੀ ਤਰ੍ਹਾਂ ਦੀ ਨਿਜੀ ਜਾਣਕਾਰੀ ਉਸ ਆਰਥਕ ਸੰਸਥਾ ਨੂੰ ਦੇਵੇ ਜਿਸ ਵਿਚ ਐਬਟਸਫੋਰਡ ਸਿਟੀ ਦਾ ਖਾਤਾ ਹੋਵੇ ਤੇ ਜਿਸ ਵਿਚ ਪੇਸ਼ਗੀ ਕਿਸ਼ਤਾਂ ਜਮ੍ਹਾ ਕੀਤੀਆਂ ਜਾਣ।ਇਹ ਜਾਣਕਾਰੀ ਕਨੇਡੀਅਨ ਪੇਮੈਂਟ ਐਸੋਸੀਏਸ਼ਨ ਦੇ ਰੂਲ ਐਚ1 ਨਾਲ ਸਿਧੇ ਤੌਰ ਤੇ ਸੰਬੰਧਿਤ ਹੋਵੇ ਅਤੇ ਉਸ ਅਨਸਾਰ ਜ਼ਰੂਰੀ ਲੋੜੀਂਦੀ ਹੋਵੇ।

6. ਮਾਸਕ ਕਿਸ਼ਤਾਂ ਅਗਲੇ ਸਾਲ ਦੇ ਟੈਕਸ ਦਾ ਅੰਦਾਜ਼ਾ ਲਾ ਕੇ (ਜੇ ਲਾਗੂ ਹੋਵੇ ਤਾਂ ਉਸ ਚੋਂ ਹੋਮ ਓਨਰਜ਼ ਗ੍ਰਾਂਟ ਮਨਫੀ ਕਰਕੇ) ਅਤੇ ਪਿਛਲੇ ਸਾਲ ਦੀ ਜੇ ਵਾਧੂ ਪੇਮੈਂਟ ਹੋਵੇ ਤਾਂ ਉਸ ਚੋਂ ਮਨਫੀ ਕਰਕੇ ਜੋ ਰਾਸ਼ੀ ਹੋਵੇਗੀ ਉਸਨੂੰ ਦਸ ਤੇ ਤਕਸੀਮ ਕਰਕੇ ਸੈੱਟ ਕੀਤੀਆਂ ਜਾਣਗੀਆਂ।ਮਾਸਕ ਪੇਸ਼ਗੀ ਕਿਸ਼ਤਾਂ 15 ਅਗਸਤ ਤੋਂ ਕਢੀਆਂ ਜਾਣਗੀਆਂ ਤੇ ਤੁਹਾਡਾ ਅਗਲੇ ਸਾਲ ਦਾ ਟੈਕਸ ਅਦਾ ਕਰਨ ਲਈ ਵਰਤੀਆਂ ਜਾਣਗੀਆਂ। ਜੇ ਤੁਹਾਡੇ ਹਾਲਾਤ ਬਦਲ ਜਾਣ ਤਾਂ ਮਾਸਕ ਕਿਸ਼ਤਾਂ ਦੀ ਦਰ ਬਦਲਣ ਲਈ ਪ੍ਰਾਪਰਟੀ ਟੈਕਸ ਡਵਿਜਨ ਨਾਲ ਸੰਪਰਕ ਕਰੋ।

7. ਟੈਕਸਦਾਤੇ ਕਿਸੇ ਸਮੇਂ ਵੀ ਪ੍ਰਾਪਰਟੀ ਟੈਕਸ ਡਵਿਜਨ ਦੇ ਕੁਲੈਕਟਰ ਨੂੰ ਲਿਖਤੀ ਨੋਟਸ ਦੇ ਕੇ ਪਲੈਨ ਤੋਂ ਬਾਹਰ ਨਿਕਲ ਸਕਦੇ ਹਨ। ਮਹੀਨੇ ਦੀ 15 ਤਾਰੀਖ ਤੋਂ ਪਹਿਲਾਂ ਇਕ ਹਫਤੇ ਦਾ ਨੋਟਸ ਜ਼ਰੂਰੀ ਹੈ।

8. ਜੇ ਤੁਸੀਂ ਪ੍ਰਾਪਰਟੀ ਵੇਚ ਦਿੰਦੇ ਹੋ ਅਤੇ ਸਾਡੀ ਪੇਸ਼ਗੀ-ਅਦਾਇਗੀ ਪਲੈਨ ਵਿਚ ਹੋ ਤਾਂ ਤੁਹਾਡੇ ਵਕੀਲ ਜਾਂ ਨੋਟਰੀ ਨੂੰ ਪ੍ਰਾਪਰਟੀ ਟੈਕਸ ਸਰਟੀਫੀਕੇਟ ਤੇ ਪਲੈਨ ਦੇ ਖਾਰਜ ਕਰਨ ਵਾਲਾ ਸੈਕਸ਼ਨ ਭਰਨਾ ਪਵੇਗਾ ਅਤੇ ਪ੍ਰਾਪਰਟੀ ਟੈਕਸ ਡਵਿਜਨ ਨੂੰ ਖਾਰਜੇ ਦੀ ਬੇਨਤੀ ਸਬਮਿਟ ਕਰਨੀ ਪਵੇਗੀ। ਵਕੀਲ ਨੇ ਸੇਲ ਦੇ ਦੌਰਾਨ ਜਦੋਂ ਸਟੇਟਮੈਂਟ ਔਫ ਐਡਜਸਟਮੈਂਟ ਤਿਆਰ ਕਰਨੀ ਹੋਈ ਤਾਂ ਉਹ ਬੀਸੀ ਔਨਲਾਈਨ ਤੋਂ ਪ੍ਰਾਪਰਟੀ ਟੈਕਸ ਸਰਟੀਫੀਕੇਟ ਲਈ ਬੇਨਤੀ ਕਰੇਗਾ। ਤੁਹਾਡੀ ਪਲੈਨ ਨੂੰ ਕੈਂਸਲ ਕਰਨ ਲਈ ਮਹੀਨੇ ਦੀ 15 ਤਾਰੀਖ ਤੋਂ ਪਹਿਲਾਂ ਇਕ ਹਫਤੇ ਦਾ ਨੋਟਸ ਦੇਣਾ ਲਾਜ਼ਮੀ ਹੋਵੇਗਾ। ਜੇ ਇਕ ਹਫਤੇ ਦਾ ਨੋਟਸ ਨਹੀਂ ਦਿਤਾ ਜਾ ਸਕਦਾ ਤਾਂ ਤੁਹਾਡੇ ਵਕੀਲ ਜਾਂ ਨੋਟਰੀ ਨੂੰ ਸਟੇਟਮੈਂਟ ਔਫ ਐਡਜਸਟਮੈਂਟ ਵਿਚ ਇਕ ਵਾਧੂ ਕਿਸ਼ਤ ਜਮ੍ਹਾ ਕਰਨੀ ਪਵੇਗੀ। ਫੇਰ ਤੁਹਾਡੀ ਪਲੈਨ ਇਸ ਆਖਰੀ ਕਿਸ਼ਤ ਪਿੱਛੋਂ ਖਾਰਜ ਕਰ ਦਿਤੀ ਜਾਵੇਗੀ।

9. ਬੈਂਕ ਨਾਲ ਸੰਬੰਧਤ ਜਾਣਕਾਰੀ ਵਿਚ ਕਿਸੇ ਤਬਦੀਲੀ ਦਾ ਨੋਟਸ ਮਹੀਨੇ ਦੀ 15 ਤਾਰੀਖ ਤੋਂ ਇਕ ਹਫਤਾ ਪਹਿਲਾਂ ਮਿਲਣਾ ਲਾਜ਼ਮੀ ਹੈ।

10. ਪੇਸ਼ਗੀ ਅਦਾ ਕੀਤੇ ਬੈਲੈਂਸ ਨੂੰ ਰੋਜ਼ਾਨਾ ਵਿਆਜ ਮਿਲਦਾ ਹੈ ਅਤੇ ਪ੍ਰਾਪਰਟੀ ਟੈਕਸ ਅਕਾਉਂਟ ਦੇ ਬੈਲੈਂਸ ਵਿਚ ਜਮ੍ਹਾਂ ਕਰ ਦਿਤਾ ਜਾਂਦਾ ਹੈ।ਇਸ ਵਿਆਜ ਨੂੰ ਕੈਸ਼ ਦੇ ਰੂਪ ਵਿਚ ਨਹੀਂ ਕਢਾਇਆ ਜਾ ਸਕਦਾ, ਪਰ ਇਸਨੂੰ ਭਵਿੱਖ ਦੇ ਟੈਕਸ ਅਦਾ ਕਰਨ ਲਈ ਟੈਕਸ ਅਕਾਉਂਟ ਵਿਚ ਜਮ੍ਹਾ ਕਰ ਦਿਤਾ ਜਾਵੇਗਾ।ਵਿਆਜ ਦੇ ਦਰ ਲੈਫਟੀਨੈਂਟ ਗਵਰਨਰ ਇਨ ਕਾਉਂਸਲ ਵੱਲੋਂ ਕਮਿਉਨਿਟੀ ਚਾਰਟਰ ਦੇ ਸੈਕਸ਼ਨ 239 ਵਾਸਤੇ ਨਿਯਤ ਕੀਤੇ ਜਾਂਦੇ ਹਨ।

11. ਨਾ-ਮਨਜ਼ੂਰ ਪੇਮੈਂਟਾਂ ਤੇ ਵਿਆਜ ਦੇਣ ਦੀ ਥਾਂ ਚਾਰਜ ਕੀਤਾ ਜਾਵੇਗਾ ਅਤੇ ਅਕਾਉਂਟ ਤੇ ਸਰਵਿਸ ਚਾਰਜ ਵੀ ਲਾਇਆ ਜਾਵੇਗਾ।

12. ਜੇ 10 ਮਹੀਨੇ ਦੇ ਵਿਦਡਰਾਅਲ ਸਮੇਂ ਦੌਰਾਨ ਦੋ ਪੇਮੈਂਟਾਂ, ਜੋ ਕਿ ਜ਼ਰੂਰੀ ਨਹੀਂ ਨਾਲੋ ਨਾਲ ਹੋਣ, ਪਲੈਨ ਵਿਚ ਭਾਗ ਲੈਣ ਵਾਲੇ ਵਿਅਕਤੀ ਦੀ ਆਰਥਿਕ ਸੰਸਥਾ ਵੱਲੋਂ ਰੀਜੈਕਟ ਕਰ ਦਿਤੀਆਂ ਜਾਣ ਤਾਂ ਉਸਦਾ ਪਲੈਨ ਵਿਚ ਹਿੱਸਾ ਆਪਣੇ ਆਪ ਖਤਮ ਹੋ ਜਾਵੇਗਾ।

**ਕਿਰਪਾ ਕਰਕੇ ਫਾਰਮ ਦਾ ਇਹ ਹਿੱਸਾ ਆਪਣੇ ਰਿਕਾਰਡਾਂ ਅਤੇ ਜਾਣਕਾਰੀ ਲਈ ਰੱਖ ਲਵੋ।**